# ਭਾਰਤ ਵਿੱਚ ਗੰਨੇ ਦਾ ਮੁੱਲ: ਐਫ ਆਰ ਪੀ ਬਨਾਮ ਐਸ ਏ ਪੀ

ਭਾਰਤ ਸਰਕਾਰ ਦੀ ਆਰਥਿਕ ਮਾਮਲਿਆਂ ਦੀ ਕੈਬਨਿਟ ਕਮੇਟੀ ਨੇ 25 ਅਗਸਤ, 2021 ਨੂੰ ਚੀਨੀ ਸੀਜ਼ਨ 2021-22 (ਅਕਤੂਬਰ-ਸਤੰਬਰ) ਲਈ ਗੰਨੇ ਦਾ ਢੁੱਕਵਾਂ ਅਤੇ ਲਾਹੇਵੰਦ ਮੁੱਲ (ਐਫ ਆਰ ਪੀ) 290 ਰੁਪਏ ਪ੍ਰਤੀ ਕੁਇੰਟਲ ਮੰਜ਼ੂਰ ਕੀਤਾ। 2020-21 ਸੀਜ਼ਨ ਦੇ ਲਈ ਐਫ ਆਰ ਪੀ 285 ਰੁਪਏ ਪ੍ਰਤੀ ਕੁਇੰਟਲ ਹੈ।

ਮੰਜ਼ੂਰ ਐਫ ਆਰ ਪੀ, ਚੀਨੀ ਮਿੱਲਾਂ ਵਲੋਂ ਚੀਨੀ ਸੀਜ਼ਨ 2021-22 (1 ਅਕਤੂਬਰ, 2021 ਤੋਂ ਸ਼ੁਰੂ) ਵਿੱਚ ਕਿਸਾਨਾਂ ਤੋਂ ਗੰਨੇ ਦੀ ਖਰੀਦ ਲਈ ਲਾਗੂ ਹੋਵੇਗਾ।

ਐਫ ਆਰ ਪੀ 100 ਕਿੱਲੋ ਗੰਨੇ ਤੋਂ 10% ਦੀ ਮੂਲ ਵਸੂਲੀ ਦਰ ਦੇ ਲਈ ਹੈ। ਵਸੂਲੀ ਵਿਚ ਹਰ 0.1% ਵਾਧੇ ਲਈ, ਐਫ ਆਰ ਪੀ ਉੱਤੇ 2.90 ਰੁਪਏ ਪ੍ਰਤੀ ਕੁਇੰਟਲ ਦਾ ਪ੍ਰੀਮਿਅਮ ਅਤੇ ਵਸੂਲੀ ਵਿੱਚ 0.1% ਗਿਰਾਵਟ ਲਈ 2.90 ਰੁਪਏ ਪ੍ਰਤੀ ਕੁਇੰਟਲ ਦੀ ਕਟੌਤੀ ਹੋਵੇਗੀ।

ਕਿਸਾਨਾਂ ਦੇ ਹੱਕਾਂ ਦੀ ਰਾਖੀ ਲਈ, ਸੀ ਸੀ ਈ ਏ ਨੇ ਇਹ ਫ਼ੈਸਲ ਵੀ ਲਿਆ ਕਿ ਚੀਨੀ ਮਿੱਲਾਂ ਦੇ ਮਾਮਲੇ ਵਿੱਚ ਕੋਈ ਕਟੌਤੀ ਨਹੀਂ ਹੋਵੇਗੀ ਜਿੱਥੇ ਵਸੂਲੀ 9.5%ਤੋਂ ਘੱਟ ਹੈ। ਅਜਿਹੇ ਕਿਸਾਨਾਂ ਨੂੰ ਆਉਣ ਵਾਲੇ ਚੀਨੀ ਸੀਜ਼ਨ 2021-22 ਤੋਂ ਗੰਨੇ ਦੀ ਲਈ 275.50 ਰੁਪਏ ਪ੍ਰਤੀ ਕੁਇੰਟਲ ਮਿਲੇਗਾ, ਜਿਹੜਾ ਕਿ 2020-21 ਸੀਜ਼ਨ ਵਿੱਚ 270.75 ਰੁਪਏ ਪ੍ਰਤੀ ਕੁਇੰਟਲ ਸੀ।

ਐਫ ਆਰ ਪੀ ਨੂੰ ਖੇਤੀਬਾੜੀ ਲਾਗਤ ਅਤੇ ਮੁੱਲ ਕਮਿਸ਼ਨ (ਸੀ ਏ ਸੀ ਪੀ) ਦੀਆਂ ਸਿਫ਼ਾਰਿਸ਼ਾਂ ਤੋਂ ਬਾਅਦ, ਰਾਜ ਸਰਕਾਰਾਂ ਅਤੇ ਹੋਰ ਹਿੱਸੇਦਾਰਾਂ ਨਾਲ ਸਲਾਹ ਕਰਕੇ ਨਿਰਧਾਰਤ ਕੀਤਾ ਜਾਂਦਾ ਹੈ।

ਜਿੱਥੇ ਭਾਰਤ ਸਰਕਾਰ ਕਿਸਾਨਾਂ ਨੂੰ ਚੀਨੀ ਮਿੱਲਾਂ ਵੱਲੋਂ ਭੁਗਤਾਨ ਕੀਤੇ ਜਾਣ ਵਾਲੇ ਐਫ ਆਰ ਪੀ ਦਾ ਐਲਾਨ ਕਰਦੀ ਹੈ, ਉੱਥੇ ਹੀ ਦੇਸ਼ ਦੇ ਕਈ ਸੂਬਿਆਂ ਵਿੱਚ ਗੰਨਾ ਉਤਪਾਦਕਾਂ ਨੂੰ ਭੁਗਤਾਨ ਕਰਨ

ਵਾਲੀਆਂ ਦਰਾਂ ਨੂੰ ਮੁਕਰੱਰ ਕਰਨ ਦੀ ਆਪਣੀ ਵਿਧੀ ਹੈ। ਇਸ ਨੂੰ ਰਾਜ ਦਾ ਸਿਫ਼ਾਰਿਸ਼ੀ ਮੁੱਲ (ਐਸ ਏ ਪੀ) ਕਹਿੰਦੇ ਹਨ।

ਇਸ ਵੇਲੇ, ਉੱਤਰ ਪ੍ਰਦੇਸ਼, ਉੱਤਰਾਖੰਡ, ਹਰਿਆਣਾ ਅਤੇ ਪੰਜਾਬ ਕੋਲ ਗੰਨੇ ਲਈ ਆਪਣੀ ਐਸ ਏ ਪੀ ਹੈ, ਜਿਸਦਾ ਭੁਗਤਾਨ ਇਨ੍ਹਾਂ ਰਾਜਾਂ ਵਿੱਚ ਚੀਨੀ ਮਿੱਲਾਂ ਵੱਲੋਂ ਕਿਸਾਨਾਂ ਨੂੰ ਕੀਤਾ ਜਾਂਦਾ ਹੈ। ਐਸ ਏ ਪੀ, ਐਫ ਆਰ ਪੀ ਨਾਲੋਂ ਵੱਧ ਹੈ।

ਆਪਣੀ 'ਗੰਨੇ ਦੀ ਕੀਮਤ ਨੀਤੀ: 2021-22 ਚੀਨੀ ਸੀਜ਼ਨ' ਵਿੱਚ ਸੀ ਏ ਸੀ ਪੀ ਨੇ ਸਿਫ਼ਾਰਿਸ਼ ਕੀਤੀ ਹੈ ਕਿ ਰਾਜਾਂ ਨੂੰ ਐਸ ਏ ਪੀ ਤੈਅ ਕਰਨਾ ਬੰਦ ਕਰ ਦੇਣਾ ਚਾਹੀਦਾ ਹੈ। ਇਸ ਵਿੱਚ ਕਿਹਾ ਗਿਆ ਹੈ ਕਿ ਜੇ ਰਾਜ ਐਸ ਏ ਪੀ ਨੂੰ ਜਾਰੀ ਰੱਖਣਾ ਚਾਹੁੰਦੇ ਹਨ, ਤਾਂ ਉਨ੍ਹਾਂ ਨੂੰ ਸਿੱਧਾ ਲਾਭ ਤਬਾਦਲਾ (ਡੀ ਬੀ ਟੀ) ਰਾਹੀਂ ਐਫ ਆਰ ਪੀ ਅਤੇ ਐਸ ਏ ਪੀ ਦਾ ਅੰਤਰ ਗੰਨਾ ਕਿਸਾਨਾਂ ਨੂੰ ਦੇਣਾ ਚਾਹੀਦਾ ਹੈ।

**5 ਸਾਲਾਂ ਵਿੱਚ ਗੰਨੇ ਦਾ ਐਫ ਆਰ ਪੀ ਅਤੇ ਐਸ ਏ ਪੀ (2016-17 ਤੋਂ 2020-21)**

| ਸਾਲ | ਕੁੱਲ ਭਾਰਤ ਐਫ ਆਰ ਪੀ (ਰੁਪਏ/ਕੁਇੰਟਲ) | *ਐਸ ਏ ਪੀ (ਰੁਪਏ/ਕੁਇੰਟਲ) | | | |
|---|---|---|---|---|---|
| | | ਉੱਤਰ ਪ੍ਰਦੇਸ਼ | ਉੱਤਰਾਖੰਡ | ਹਰਿਆਣਾ | ਪੰਜਾਬ |
| 2016-17 | 230 | 305 | 307 | 315 | 290 |
| 2017-18 | 255 | 315 | 316 | 325 | 300 |
| 2018-19 | 275 | 315 | 317 | 335 | 300 |
| 2019-20 | 275 | 315 | 317 | 340 | 300 |
| 2020-21 | 285 | 315 | 317 | 350 | 310 |

*ਐਸ ਏ ਪੀ ਉੱਤਰਾਖੰਡ, ਹਰਿਆਣਾ ਅਤੇ ਪੰਜਾਬ ਵਿੱਚ ਮੱਧ-ਕਿਸਮਾਂ ਅਤੇ ਉੱਤਰ ਪ੍ਰਦੇਸ਼ ਵਿੱਚ ਆਮ ਕਿਸਮਾਂ ਲਈ ਹੈ

- 2020-21 ਦੇ ਪਿੜਾਈ ਸੀਜ਼ਨ ਲਈ ਉੱਤਰ ਪ੍ਰਦੇਸ਼ ਵਿੱਚ ਅਗੇਤੀਆਂ ਕਿਸਮਾਂ ਲਈ ਐਸ ਏ ਪੀ 325 ਰੁਪਏ ਪ੍ਰਤੀ ਕੁਇੰਟਲ ਅਤੇ ਰੱਦ ਕੀਤੀਆਂ ਕਿਸਮਾਂ ਲਈ 310 ਰੁਪਏ ਪ੍ਰਤੀ ਕੁਇੰਟਲ ਹੈ
- 2020-21 ਦੇ ਪਿੜਾਈ ਸੀਜ਼ਨ ਲਈ ਉਤਰਾਖੰਡ ਵਿੱਚ ਅਗੇਤੀਆਂ ਕਿਸਮਾਂ ਲਈ ਐਸ ਏ ਪੀ 327 ਰੁਪਏ ਪ੍ਰਤੀ ਕੁਇੰਟਲ ਹੈ
- 2020-21 ਦੇ ਪਿੜਾਈ ਸੀਜ਼ਨ ਲਈ ਪੰਜਾਬ ਵਿੱਚ ਅਗੇਤੀਆਂ ਕਿਸਮਾਂ ਲਈ ਐਸ ਏ ਪੀ 310 ਰੁਪਏ ਪ੍ਰਤੀ ਕੁਇੰਟਲ ਅਤੇ ਪਿਛੇਤੀਆਂ ਕਿਸਮਾਂ ਲਈ 295 ਰੁਪਏ ਪ੍ਰਤੀ ਕੁਇੰਟਲ ਹੈ
- 2021-22 ਦੇ ਪਿੜਾਈ ਸੀਜ਼ਨ ਲਈ ਪੰਜਾਬ ਸਰਕਾਰ ਨੇ ਮੱਧ-ਕਿਸਮਾਂ ਲਈ 360 ਰੁਪਏ ਪ੍ਰਤੀ ਕੁਇੰਟਲ ਐਸ ਏ ਪੀ ਦਾ ਐਲਾਨ ਕੀਤਾ ਹੈ